

# ਵਤੀਰਾ ਜ਼ਾਬਤਾ

COLLEGE OF NURSES OF ONTARIO
ORDRE DES INFIRMIÈRES ET INFIRMIERS DE L'ONTARIO

THE STANDARD OF CARE.

# ਵਿਸ਼ਾ ਸੂਚੀ


| | |
|---|---|
| ਭੂਮਿਕਾ | 3 |
| ਵਤੀਰਾ ਜ਼ਾਬਤਾ ਕੀ ਹੁੰਦਾ ਹੈ? | 4 |
| ਪਹਿਲਾ ਸਿਧਾਂਤ | 5 |
| ਦੂਜਾ ਸਿਧਾਂਤ | 6 |
| ਤੀਜਾ ਸਿਧਾਂਤ | 7 |
| ਚੌਥਾ ਸਿਧਾਂਤ | 8 |
| ਪੰਜਵਾਂ ਸਿਧਾਂਤ | 9 |
| ਛੇਵਾਂ ਸਿਧਾਂਤ | 10 |
| ਵਤੀਰਾ ਜ਼ਾਬਤਾ ਦੀ ਸ਼ਬਦਾਵਲੀ | 11 |


**ਲਕਸ਼**

ਨਿਯੰਤ੍ਰਕ ਉੱਤਮਤਾ ਵਿੱਚ ਅਗਵਾਈ ਕਰਦਿਆਂ

**ਮਿਸ਼ਨ**

ਜਨਤਕ ਹਿਤ ਵਿੱਚ ਨਰਸਿੰਗ ਨੂੰ ਨਿਯੰਤ੍ਰਿਤ ਕਰਨਾ


*Code of Conduct* Pub. No. 49040

ISBN 978-1-77116-127-5



Copyright © College of Nurses of Ontario, 2019.

Commercial or for-profit redistribution of this document in part or in whole is prohibited except with the written consent of CNO. This document may be reproduced in part or in whole for personal or educational use without permission, provided that:

- Due diligence is exercised in ensuring the accuracy of the materials reproduced;
- CNO is identified as the source; and
- The reproduction is not represented as an official version of the materials reproduced, nor as having been made in affiliation with, or with the endorsement of, CNO.



For additional copies of this document, visit www.cno.org or contact our Customer Service Centre at 416 928-0900, toll-free in Canada 1 800 387-5526, e-mail cno@cnomail.org.

College of Nurses of Ontario
101 Davenport Rd.
Toronto, ON M5R 3P1

www.cno.org

Ce fascicule existe en français sous le titre : *Code de conduite*, n° 59040

# ਭੂਮਿਕਾ

ਕਾਲਿਜ ਆਫ਼ ਨਰਸਿਸ ਆਫ ਓਨਟੇਰੀਓ (College of Nurses of Ontario) ਵਿਖੇ ਸਾਡਾ ਧਿਆਨ ਓਨਟੇਰੀਓ ਦੀ ਜਨਤਾ ਦੀ ਹਿਫਾਜ਼ਤ ਕਰਨਾ ਹੈ। ਇਸ ਨੂੰ ਅੰਜਾਮ ਦੇਣ ਦਾ ਇੱਕ ਤਰੀਕਾ ਹੈ ਓਨਟੇਰੀਓ ਵਿਚਲੀਆਂ ਸਾਰੀਆਂ ਨਰਸਾਂ ਲਈ ਕੰਮ-ਕਾਜ ਦੇ ਮਾਪਦੰਡ ਤੈਅ ਅਤੇ ਲਾਗੂ ਕਰਨਾ।

ਇਹ ਜ਼ਾਬਤਾ ਵਤੀਰਾ (Code of Conduct) ਉਨ੍ਹਾਂ ਵਿਹਾਰਕ ਜ਼ਿੰਮੇਵਾਰੀਆਂ ਨੂੰ ਦਰਸਾਉਣ ਵਾਲਾ ਇੱਕ ਮਾਨਕ ਹੈ ਜੋ ਓਨਟੇਰੀਓ ਦੀਆਂ ਸਾਰੀਆਂ ਨਰਸਾਂ ਆਮ ਜਨਤਾ ਪ੍ਰਤੀ ਰੱਖਦੀਆਂ ਹਨ। ਇਹ ਦਰਸਾਉਂਦਾ ਹੈ ਕਿ ਓਨਟੇਰੀਓ ਵਾਸੀ ਕੀ ਉਮੀਦ ਕਰ ਸਕਦੇ ਹਨ ਅਤੇ ਇਹ ਨਰਸਿੰਗ ਕਿੱਤੇ ਵਿੱਚ ਲੱਗੇ ਲੋਕਾਂ ਲਈ ਮਾਪਦੰਡ ਤੈਅ ਕਰਦਾ ਹੈ।

ਜਦੋਂ ਅਸੀਂ ਇਹ ਜ਼ਾਬਤਾ ਵਿਕਸਤ ਕੀਤਾ, ਉਦੋਂ ਜ਼ਰੂਰੀ ਸੀ ਕਿ ਜਨਤਾ ਨੂੰ ਆਪਣੀ ਰਾਇ ਸਾਡੇ ਤਕ ਪਹੁੰਚਾਉਣ ਦਾ ਮੌਕਾ ਮਿਲੇ। ਆਮ ਲੋਕਾਂ ਨਾਲ ਆਪਣੇ ਮਸ਼ਵਰਿਆਂ ਦੌਰਾਨ ਅਸੀਂ ਪੁੱਛਿਆ, "ਤੁਸੀਂ ਓਨਟੇਰੀਓ ਦੀਆਂ ਨਰਸਾਂ ਤੋਂ ਕੀ ਉਮੀਦ ਕਰਦੇ ਹੋ?" ਇਕਮਤ ਇਸ ਗੱਲ 'ਤੇ ਸੀ ਕਿ ਨਰਸ ਨੂੰ ਹਮੇਸ਼ਾਂ ਉਸ ਤਰ੍ਹਾਂ ਦੀ ਨਰਸਿੰਗ ਦੇਖਭਾਲ ਪ੍ਰਦਾਨ ਕਰਨੀ ਚਾਹੀਦੀ ਹੈ ਜਿਸ ਤਰ੍ਹਾਂ ਦੀ ਤੁਸੀਂ ਘਰ ਦੇ ਕਿਸੇ ਜੀਅ ਲਈ ਚਾਹੁੰਦੇ ਹੋ।

ਜ਼ਾਬਤਾ, ਮਰੀਜ਼ਾਂ ਨੂੰ ਨਰਸਾਂ ਵੱਲੋਂ ਦੇਖ-ਰੇਖ ਕੀਤੇ ਜਾਣ ਦੇ ਧੁਰੇ 'ਤੇ ਲਿਆਉਂਦਾ ਹੈ। ਅਸੀਂ ਜਾਣਦੇ ਹਾਂ ਕਿ ਲੋਕਾਂ ਦਾ ਨਰਸਾਂ ਵੱਲੋਂ ਕੀਤੀ ਜਾਂਦੀ ਦੇਖ-ਰੇਖ ਵਿੱਚ ਭਰੋਸਾ ਹੋਣਾ ਅਹਿਮ ਹੈ। ਜਨਤਕ ਸਲਾਮਤੀ ਸਾਡੀ ਸਰਵਉੱਚ ਤਰਜੀਹ ਹੈ। ਇਹ ਵਤੀਰਾ ਜ਼ਾਬਤਾ ਮਰੀਜ਼ਾਂ ਨੂੰ ਉਹ ਦੇਖ-ਰੇਖ ਪ੍ਰਦਾਨ ਕਰਨ ਵਿੱਚ ਨਰਸਾਂ ਦੀ ਹਿਮਾਇਤ ਕਰਦਾ ਹੈ ਜਿਸ ਦੇਖ-ਰੇਖ ਦੀ ਉਹ ਉਮੀਦ ਕਰਦੇ ਹੋਣ ਅਤੇ ਜਿਸ ਦੇ ਲਾਇਕ ਹੋਣ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਜ਼ਾਬਤਾ ਤੁਹਾਡੇ ਲਈ ਅਰਥ-ਭਰਪੂਰ ਹੋਵੇਗਾ। ਅਸੀਂ ਲੋਕਾਂ ਦੀਆਂ ਟਿੱਪਣੀਆਂ ਅਤੇ ਇਸ ਬਾਰੇ ਕੋਈ ਵੀ ਸਵਾਲਾਂ ਦਾ ਸਵਾਗਤ ਕਰਦੇ ਹਾਂ ਕਿ ਤੁਸੀਂ ਨਰਸਾਂ ਵੱਲੋਂ ਦੇਖ-ਰੇਖ ਕੀਤੇ ਜਾਂਦੇ ਸਮੇਂ ਕੀ ਉਮੀਦ ਕਰ ਸਕਦੇ ਹੋ।



ਐਨ ਕੌਂਗਲਨ (Anne Coghlan), RN, MScN
ਕਾਰਜਕਾਰੀ ਨਿਰਦੇਸ਼ਕ ਅਤੇ ਸੀ.ਈ.ਓ.
ਕਾਲਿਜ ਆਫ਼ ਨਰਸਿਜ਼ ਆਫ਼ ਓਨਟੇਰੀਓ

# ਵਤੀਰਾ ਜ਼ਾਬਤਾ ਕੀ ਹੁੰਦਾ ਹੈ?

ਕਾਲਿਜ ਆਫ਼ ਨਰਸਿਜ਼ ਆਫ਼ ਓਨਟੇਰੀਓ (ਸੀ.ਐੱਨ.ਓ.) ਓਨਟੇਰੀਓ ਦੇ ਲੋਕਾਂ ਲਈ ਨਰਸਾਂ ਵੱਲੋਂ ਸੁਰੱਖਿਅਤ ਦੇਖ-ਰੇਖ ਕੀਤੇ ਜਾਣ ਦਾ ਹਾਮੀ ਹੈ।

ਇਸ ਨੂੰ ਅੰਜਾਮ ਦੇਣ ਲਈ ਅਸੀਂ ਇੱਕ ਵਤੀਰਾ ਜ਼ਾਬਤਾ (ਜ਼ਾਬਤਾ) [Code of Conduct (Code)] ਸਿਰਜਿਆ ਹੈ ਜੋ ਬਿਆਨ ਕਰਦਾ ਹੈ ਕਿ ਤੁਹਾਨੂੰ, ਆਮ ਜਨਤਾ ਨੂੰ, ਨਰਸਾਂ ਵੱਲੋਂ ਦੇਖ-ਰੇਖ ਕੀਤੇ ਜਾਣ ਵੇਲ਼ੇ ਕਿਸ ਵਤੀਰੇ ਦੀ ਆਸ ਰੱਖਣੀ ਹੈ। ਸਭ ਨਰਸਾਂ ਇਸ ਜ਼ਾਬਤੇ ਪ੍ਰਤੀ ਜਵਾਬਦੇਹ ਹਨ।

ਇਹ ਜ਼ਾਬਤਾ ਵਿਕਸਤ ਕਰਨ ਲਈ ਅਸੀਂ ਇਸ ਬਾਰੇ ਸਭ ਤੋਂ ਤਾਜ਼ਾ ਖੋਜ ਨੂੰ ਪੜਚੋਲਿਆ ਹੈ ਕਿ ਮਰੀਜ਼ ਅਤੇ ਆਮ ਜਨਤਾ ਨਰਸਾਂ ਤੋਂ ਕੀ ਉਮੀਦ ਰੱਖਦੇ ਹਨ। ਅਸੀਂ *ਮਨੁੱਖੀ ਹੱਕਾਂ ਬਾਰੇ ਓਨਟੇਰੀਓ ਦੇ ਜ਼ਾਬਤੇ (Ontario Human Rights Code)* ਅਤੇ *ਟਰੁਥ ਐਂਡ ਰੀਕੰਸੀਲੀਏਸ਼ਨ ਕਮਿਸ਼ਨ ਦੀ ਰਿਪੋਰਟ (Truth and Reconciliation Commission Report)* ਵਰਗੇ ਹੋਰਨਾਂ ਦਸਤਾਵੇਜ਼ਾਂ ਨੂੰ ਵੀ ਪੜਚੋਲਿਆ ਹੈ। ਅਸੀਂ ਸਭਨਾਂ ਨਰਸਾਂ ਨੂੰ ਇਸ ਗੱਲ ਲਈ ਹੱਲਾਸ਼ੇਰੀ ਦਿੰਦੇ ਹਾਂ ਕਿ ਆਪਣੇ ਕੰਮ-ਕਾਜ ਦੌਰਾਨ ਇਨ੍ਹਾਂ ਦਸਤਾਵੇਜ਼ਾਂ 'ਤੇ ਗੌਰ ਕਰਨ। ਇਸ ਤੋਂ ਇਲਾਵਾ ਅਸੀਂ ਆਮ ਲੋਕਾਂ, ਨਰਸਾਂ, ਸਿਖਲਾਇਕਾਂ, ਨਰਸਾਂ ਦੇ ਰੁਜ਼ਗਾਰਦਾਤਾਵਾਂ, ਨਰਸਿੰਗ ਜੱਥੇਬੰਦੀਆਂ, ਨਰਸਿੰਗ ਯੂਨੀਅਨਾਂ ਅਤੇ ਸਰਕਾਰ ਨਾਲ ਵੀ ਮਸ਼ਵਰਾ ਕੀਤਾ ਹੈ।

ਜ਼ਾਬਤਾ ਛੇ ਸਿਧਾਂਤ ਤੋਂ ਬਣਦਾ ਹੈ:

1. ਨਰਸਾਂ ਵੱਲੋਂ ਮਰੀਜ਼ਾਂ ਦੇ ਵੱਕਾਰ ਦਾ ਸਤਿਕਾਰ ਅਤੇ ਉਨ੍ਹਾਂ ਨਾਲ ਇਨਸਾਨੀ ਸਲੂਕ ਕਰਨ
2. ਮਰੀਜ਼ ਦੀ ਰਾਜ਼ੀ-ਖੁਸ਼ੀ ਲਈ ਨਰਸਾਂ ਰਲ਼ ਕੇ ਯਤਨ ਕਰਨ
3. ਸੁਰੱਖਿਅਤ ਅਤੇ ਕਾਬਲ ਦੇਖ-ਰੇਖ ਪ੍ਰਦਾਨ ਕਰ ਕੇ ਨਰਸਾਂ ਮਰੀਜ਼ਾਂ ਦਾ ਭਰੋਸਾ ਕਾਇਮ ਰੱਖਣ
4. ਮਰੀਜ਼ਾਂ ਦੀਆਂ ਲੋੜਾਂ ਸਭ ਤੋਂ ਚੰਗੇ ਤਰੀਕੇ ਨਾਲ ਪੂਰੀਆਂ ਕਰਨ ਲਈ ਨਰਸਾਂ ਸਹਿਕਰਮੀਆਂ ਨਾਲ ਆਦਰ ਸਹਿਤ ਸਹਿਯੋਗ ਕਰਨ
5. ਮਰੀਜ਼ਾਂ ਦਾ ਵਿਸ਼ਵਾਸ ਕਾਇਮ ਰੱਖਣ ਲਈ ਨਰਸਾਂ ਇਮਾਨਦਾਰੀ ਨਾਲ ਕੰਮ ਕਰਨ
6. ਨਰਸਾਂ ਆਪਣੇ ਕਿੱਤੇ ਵਿੱਚ ਆਮ ਜਨਤਾ ਦਾ ਯਕੀਨ ਕਾਇਮ ਰੱਖਣ

ਹਰ ਸਿਧਾਂਤ ਦੀ ਹਿਮਾਇਤ ਵਿੱਚ ਕੁੱਝ ਬਿਆਨ ਦਰਜ ਹਨ। ਇਹ ਸਿਧਾਂਤ ਅਤੇ ਬਿਆਨ ਉਨ੍ਹਾਂ ਕਦਰਾਂ-ਕੀਮਤਾਂ ਨੂੰ ਪਰਿਭਾਸ਼ਤ ਕਰਦੇ ਹਨ ਜਿਨ੍ਹਾਂ ਰਾਹੀਂ ਨਰਸਾਂ ਆਪਣੀਆਂ ਪੇਸ਼ੇਵਰ ਜ਼ਿੰਮੇਵਾਰੀਆਂ ਪੂਰੀਆਂ ਕਰਦੀਆਂ ਹਨ। ਸਾਰੇ ਦਸਤਾਵੇਜ਼ ਵਿੱਚ ਅਸੀਂ ਲਫਜ਼ "ਮਰੀਜ਼" ਨੂੰ ਵਧੇਰੇ ਕਰ ਕੇ ਵਿਅਕਤੀਆਂ, ਪਰਿਵਾਰਾਂ, ਸਮੂਹਾਂ, ਭਾਈਚਾਰਿਆਂ ਅਤੇ ਅਬਾਦੀਆਂ ਲਈ ਵਰਤਿਆ ਹੈ।

ਨਰਸਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਜ਼ਾਬਤੇ ਦੀ ਵਰਤੋਂ ਕਿੱਤੇ ਨਾਲ ਸੰਬੰਧਤ ਸੀ.ਐੱਨ. (CNO) ਓ. ਦੇ ਹੋਰਨਾਂ ਮਾਪ-ਦੰਡਾਂ ਦੇ ਨਾਲ ਕਰਨ ਕਿਉਂਕਿ ਉਹ ਨਰਸਾਂ ਨੂੰ ਵਧੇਰੇ ਵੇਰਵੇਦਾਰ ਸੇਧਾਂ ਦਿੰਦੇ ਹਨ। ਜੇ ਨਰਸਾਂ ਕਿੱਤੇ ਨਾਲ ਸੰਬੰਧਤ ਮਾਪ-ਦੰਡਾਂ ਦੀ ਵਰਤੋਂ ਵਿੱਚ ਨਾਕਾਮਯਾਬ ਰਹਿਣ ਤਾਂ ਸੀ.ਐੱਨ.ਓ. ਕਾਰਵਾਈ ਕਰ ਸਕਦਾ ਹੈ।

ਇਹ ਦਸਤਾਵੇਜ਼ ਨਰਸਿੰਗ ਕੌਂਸਲ ਆਫ਼ ਨਿਊਜ਼ੀਲੈਂਡ (Nursing Council of New Zealand) ਦੇ ਨਰਸਾਂ ਦੇ ਵਤੀਰੇ ਸੰਬੰਧੀ ਜ਼ਾਬਤੇ [Code of Conduct for Nurses] (2012) ਤੋਂ ਇਜਾਜ਼ਤ-ਸਹਿਤ ਲਿਆ ਗਿਆ ਹੈ। **ਗੂੜ੍ਹੇ** ਲਫਜ਼ਾਂ ਦੇ ਅਰਥ ਸਪਸ਼ਟ ਕਰਨ ਲਈ ਇਨ੍ਹਾਂ ਨੂੰ ਸ਼ਬਦਾਵਲੀ ਵਿੱਚ ਬਿਆਨ ਕੀਤਾ ਗਿਆ ਹੈ।



1

ਸਿਧਾਂਤ

# ਨਰਸਾਂ ਮਰੀਜ਼ਾਂ ਦੇ ਵੱਕਾਰ ਦਾ ਸਤਿਕਾਰ ਅਤੇ ਉਨ੍ਹਾਂ ਨਾਲ ਇਨਸਾਨੀ ਸਲੂਕ ਕਰਨ

1.1 ਨਰਸਾਂ ਮਰੀਜ਼ਾਂ ਨਾਲ ਨਿੱਘ ਅਤੇ ਹਮਦਰਦੀ ਨਾਲ ਪੇਸ਼ ਆਉਣ।

1.2 ਨਰਸਾਂ ਮਰੀਜ਼ ਦੇ **ਸੱਭਿਆਚਾਰ**, ਪਹਿਚਾਣ, ਯਕੀਨਾਂ, ਕਦਰਾਂ-ਕੀਮਤਾਂ ਅਤੇ ਟੀਚਿਆਂ ਦਾ ਸਤਿਕਾਰ ਕਰਨ।

1.3 ਜਿਸ ਜਗ੍ਹਾ ਮਰੀਜ਼ਾਂ ਦੀ ਦੇਖ-ਰੇਖ ਕੀਤੀ ਜਾ ਰਹੀ ਹੈ, ਉੱਥੇ ਨਰਸਾਂ ਮਰੀਜ਼ਾਂ ਦੀ ਨਿੱਜਤਾ ਅਤੇ ਇੱਜ਼ਤ ਕਾਇਮ ਰੱਖਣ ਲਈ ਕਦਮ ਚੁੱਕਣ।

1.4 ਨਰਸਾਂ ਮਰੀਜ਼ਾਂ ਨਾਲ ਅਤੇ ਕਿਸੇ ਵੀ ਹੋਰ ਅਜਿਹੇ ਵਿਅਕਤੀ ਦੀ ਗੱਲ ਸੁਣਨ ਅਤੇ ਉਸ ਨਾਲ **ਸਹਿਯੋਗ** ਕਰਨ ਜਿਸ ਨੂੰ ਮਰੀਜ਼ ਆਪਣੀ ਦੇਖ-ਰੇਖ ਵਿੱਚ ਸ਼ਾਮਲ ਕਰਨਾ ਚਾਹੁਣ।

1.5 ਨਰਸਾਂ ਵੱਲੋਂ ਦੇਖ-ਰੇਖ ਆਲੋਚਨਾਤਮਕ ਨਾ ਹੋਵੇ ਅਤੇ ਵਿਤਕਰੇ ਤੋਂ ਰਹਿਤ ਹੋਵੇ।

1.6 ਨਰਸਾਂ ਖੁਦ ਆਪਣੇ ਕਿੱਤੇ ਦੇ ਅਮਲਾਂ ਅਤੇ ਕਦਰਾਂ-ਕੀਮਤਾਂ 'ਤੇ ਵਿਚਾਰ ਕਰਨ ਜਿਹੜੀਆਂ ਉਨ੍ਹਾਂ ਵੱਲੋਂ ਕੀਤੀ ਜਾਣ ਵਾਲੀ ਦੇਖ-ਰੇਖ ਨੂੰ ਪ੍ਰਭਾਵਤ ਕਰਨ।

1.7 ਨਰਸਾਂ ਆਪਣੇ ਨਿੱਜੀ ਯਕੀਨਾਂ ਅਤੇ ਪੱਖ-ਪਾਤਾਂ ਨੂੰ ਮਰੀਜ਼ਾਂ 'ਤੇ ਨਹੀਂ ਥੋਪਦੀਆਂ। ਇਨ੍ਹਾਂ ਵਿੱਚ ਰਾਜਨੀਤਕ, ਧਾਰਮਿਕ ਅਤੇ ਸੱਭਿਆਚਾਰਕ ਯਕੀਨ ਸ਼ਾਮਲ ਹਨ। ਜੇ ਉਹ ਸਿਹਤ ਦੇਖ-ਕਰਨ ਵਾਲੀ ਟੀਮ ਦੇ ਕਿਸੇ ਹੋਰ ਮੈਂਬਰ ਨੂੰ ਅਜਿਹਾ ਕਰਦਿਆਂ ਵੇਖ ਲੈਣ ਤਾਂ ਨਰਸਾਂ ਇਸ ਵਿੱਚ ਦਖਲ ਦੇਣ।

1.8 ਜਦੋਂ ਕਿਸੇ ਨਰਸ ਦੇ ਆਪਣੇ ਜ਼ਾਤੀ ਯਕੀਨ ਮਰੀਜ਼ ਦੀ ਦੇਖ-ਰੇਖ ਦੀ ਯੋਜਨਾ ਨਾਲ ਮੇਲ ਨਾ ਖਾਣ, ਨਰਸ ਉਦੋਂ ਤਕ ਮਰੀਜ਼ਾਂ ਨੂੰ ਸੁਰੱਖਿਅਤ, ਹਮਦਰਦ ਅਤੇ ਸਮੇਂ-ਸਿਰ ਦੇਖ-ਰੇਖ ਪ੍ਰਦਾਨ ਕਰੇ ਜਦੋਂ ਤਕ ਬਦਲਵੇਂ ਪ੍ਰਬੰਧ ਨਾ ਹੋ ਜਾਣ।



2 ਸਿਧਾਂਤ

# ਮਰੀਜ਼ ਦੀ ਰਾਜ਼ੀ-ਖੁਸ਼ੀ ਲਈ ਨਰਸਾਂ ਰਲ਼ ਕੇ ਯਤਨ ਕਰਨ

2.1 ਮਰੀਜ਼ਾਂ ਨੂੰ ਨਰਸਾਂ ਸਪਸ਼ਟ ਅਤੇ ਸਮੇਂ-ਸਿਰ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਨਰਸਾਂ ਮਰੀਜ਼ਾਂ ਨੂੰ ਅਜਿਹੇ ਢੰਗ ਨਾਲ ਸਮਝਾਉਂਦੀਆਂ ਹਨ ਜਿਸ ਨਾਲ ਉਹ ਸਮਝ ਸਕਣ ਅਤੇ ਉਨ੍ਹਾਂ ਦੀ ਰਾਇ ਪੁੱਛਦੀਆਂ ਹਨ।

2.2 ਨਰਸਾਂ ਕੋਸ਼ਿਸ਼ ਕਰਦੀਆਂ ਹਨ ਕਿ ਮਰੀਜ਼ਾਂ ਦੀ ਭਾਸ਼ਾ ਅਤੇ ਗੱਲ-ਬਾਤ ਸਮਝਣ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਣ।

2.3 ਨਰਸਾਂ ਮਰੀਜ਼ਾਂ ਦੇ ਹੱਕਾਂ ਦਾ ਸਤਿਕਾਰ ਕਰਦੀਆਂ ਹਨ ਅਤੇ ਦੇਖ-ਰੇਖ ਦੇ ਫੈਸਲਿਆਂ ਵਿੱਚ ਮਰੀਜ਼ਾਂ ਨੂੰ ਸ਼ਾਮਲ ਰੱਖਦੀਆਂ ਹਨ।

2.4 ਜਦੋਂ ਮਰੀਜ਼ ਸਹਿਮਤੀ ਦੇਣ ਦੇ ਸਮਰੱਥ ਨਾ ਹੋਵੇ ਤਾਂ ਨਰਸਾਂ ਫੈਸਲਾ ਕਰਨ ਵਾਲੇ ਮੁਨਾਸਬ ਵਿਅਕਤੀਆਂ ਦੀ ਸਹਿਮਤੀ ਮੰਗਦੀਆਂ ਹਨ।

2.5 ਨਰਸਾਂ ਸਰੋਕਾਰ ਜਤਾਉਣ ਦੇ ਮਰੀਜ਼ਾਂ ਦੇ ਹੱਕ ਦਾ ਸਤਿਕਾਰ ਕਰਦੀਆਂ ਹਨ। ਨਰਸਾਂ ਸਰੋਕਾਰਾਂ ਦੇ ਹੱਲ ਲਈ ਮਰੀਜ਼ਾਂ ਨਾਲ ਰਲ਼ ਕੇ ਕਾਰਜ ਕਰਦੀਆਂ ਹਨ।

2.6 ਨਰਸਾਂ ਮਰੀਜ਼ਾਂ ਦੀ ਦੇ ਹੱਕਾਂ ਲਈ ਖੜ੍ਹਦੀਆਂ ਹਨ ਅਤੇ ਮੁਨਾਸਬ ਦੇਖ-ਰੇਖ ਹਾਸਲ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਦੀਆਂ ਹਨ।

2.7 ਨਰਸਾਂ ਸਮਝਦੀਆਂ ਹਨ ਕਿ ਕੁੱਝ ਨਗਰਾਂ ਵਿੱਚ ਮਰੀਜ਼ ਦੀ ਦੇਖ-ਰੇਖ ਅਤੇ ਸਿਹਤ  ਸੰਭਾਲ ਦੇ ਨਤੀਜਿਆਂ ਵਿੱਚ ਖੱਪੇ ਹੋ ਸਕਦੇ ਹਨ। ਇਨ੍ਹਾਂ ਖੱਪਿਆਂ ਨੂੰ ਪੂਰਨ ਲਈ ਉਹ ਸਿਹਤ ਦੇਖ-ਰੇਖ ਟੀਮਾਂ ਨਾਲ ਰਲ਼ ਕੇ ਯਤਨ ਕਰਦੀਆਂ ਹਨ।

2.8 ਨਰਸਿੰਗ ਦੇਖ-ਰੇਖ ਸਮੇਂ ਸਿਰ ਹੁੰਦੀ ਹੈ। ਜਦੋਂ ਇਹ ਸੰਭਵ ਨਾ ਹੋਵੇ ਤਾਂ ਨਰਸਾਂ ਦੇਰੀ ਦੇ ਕਾਰਣਾਂ ਬਾਰੇ ਮਰੀਜ਼ਾਂ ਨੂੰ ਸਮਝਾਉਂਦੀਆਂ ਹਨ।




ਸਿਧਾਂਤ

# ਸੁਰੱਖਿਅਤ ਅਤੇ ਕਾਬਲ ਦੇਖ-ਰੇਖ ਪ੍ਰਦਾਨ ਕਰ ਕੇ ਨਰਸਾਂ ਨੂੰ ਮਰੀਜ਼ਾਂ ਦਾ ਭਰੋਸਾ ਕਾਇਮ ਰੱਖਣ

3.1 ਨਰਸਾਂ ਮਰੀਜ਼ ਨੂੰ ਆਪਣਾ ਤੁਆਰਫ ਕਰਾਉਂਦੀਆਂ - ਆਪਣਾ ਨਾਮ, ਗੋਤ, ਅਹੁਦਾ ਤੇ ਆਪਣਾ ਫਰਜ਼ ਦੱਸਦੀਆਂ - ਹਨ।

3.2 ਮਰੀਜ਼ਾਂ ਦੀਆਂ ਸਿਹਤ ਲੋੜਾਂ ਦਾ ਜਾਇਜ਼ਾ ਲਾਉਣ ਵੇਲ਼ੇ ਆਪਣੇ ਮੁਨਾਸਬ ਗਿਆਨ, ਹੁਨਰ ਅਤੇ ਧਾਰਨਾ ਨੂੰ ਵਰਤਦੀਆਂ ਹਨ।

3.3 ਕੰਮ 'ਤੇ ਮੌਜੂਦ ਹੋਣ ਵੇਲ਼ੇ ਨਰਸਾਂ ਮਰੀਜ਼ਾਂ ਲਈ ਹਾਜ਼ਰ ਅਤੇ ਉਪਬਲਧ ਹੁੰਦੀਆਂ ਹਨ।

3.4 ਨਰਸਾਂ ਆਪਣੇ ਗਿਆਨ, ਹੁਨਰ ਅਤੇ ਧਾਰਨਾ ਦੀ ਹੱਦ ਨੂੰ ਜਾਣਦੀਆਂ ਅਤੇ ਉਸ ਦਾਇਰੇ ਦੇ, ਅਤੇ ਆਪਣੇ ਕਿੱਤੇ ਦੇ ਕਾਨੂੰਨੀ ਦਾਇਰੇ ਦੇ ਅੰਦਰ-ਅੰਦਰ ਕਾਰਜ ਕਰਦੀਆਂ ਹਨ।

3.5 ਮਰੀਜ਼ਾਂ ਦੀ ਸੁਰੱਖਿਅਤ ਦੇਖ-ਰੇਖ ਲਈ ਨਰਸਾਂ ਸਿਹਤ ਦੇਖ-ਰੇਖ ਕਰਨ ਵਾਲੀ ਟੀਮ ਨਾਲ ਮਸ਼ਵਰਾ ਅਤੇ ਸਹਿਯੋਗ ਕਰਦੀਆਂ ਹਨ।

3.6 ਨਰਸਾਂ ਆਪਣੀ ਕਾਬਲੀਅਤ ਨੂੰ ਕਾਇਮ ਰੱਖਦੀਆਂ ਅਤੇ ਲਗਾਤਾਰ ਸੁਧਾਰਦੀਆਂ ਹਨ। ਉਹ ਆਪਣੇ ਕਿੱਤੇ ਉੱਤੇ ਵਿਚਾਰ ਕਰਦੀਆਂ ਹਨ ਅਤੇ ਸੀ.ਐੱਨ.ਓ. ਦੇ **ਮਿਆਰ ਯਕੀਨੀ ਬਣਾਉਣ ਦੇ ਪ੍ਰੋਗਰਾਮ (Quality Assurance Program)** ਵਿੱਚ ਹਿੱਸਾ ਲੈ ਕੇ ਸਿਖਲਾਈ ਦੇ ਸਾਲਾਨਾ ਟੀਚੇ ਮਿੱਥਦੀਆਂ ਹਨ।

3.7 ਆਪਣੇ ਕਿੱਤੇ ਵਿੱਚ ਜਾਣਕਾਰ ਰਹਿਣ ਲਈ ਨਰਸਾਂ ਜਾਣਕਾਰੀ ਦੇ ਦਰੁਸਤ ਸਾਧਨ – ਜਿਵੇਂ ਖੋਜ – ਵਰਤਦੀਆਂ ਹਨ।

3.8 ਆਪਣੇ ਕੰਮ-ਕਾਜ ਵਿੱਚ ਨਰਸਾਂ ਮੁਕੰਮਲ, ਦਰੁਸਤ ਅਤੇ ਵਕਤ-ਸਿਰ ਦਸਤਾਵੇਜ਼ ਕਾਇਮ ਰੱਖਦੀਆਂ ਹਨ।

3.9 ਨਰਸਾਂ ਸੰਬੰਧਤ ਕਾਨੂੰਨਾਂ ਅਤੇ ਸੀ.ਐੱਨ.ਓ. ਦੇ **ਕਿੱਤੇ ਨਾਲ ਸੰਬੰਧਤ ਮਾਨਕਾਂ** ਤਹਿਤ ਕਾਰਜ ਅੰਜਾਮ ਦਿੰਦੀਆਂ ਅਤੇ ਇਨ੍ਹਾਂ ਪ੍ਰਤੀ ਜਵਾਬਦੇਹ ਹੁੰਦੀਆਂ ਹਨ।

।




ਸਿਧਾਂਤ 4

# ਮਰੀਜ਼ਾਂ ਦੀਆਂ ਲੋੜਾਂ ਸਭ ਤੋਂ ਚੰਗੇ ਤਰੀਕੇ ਨਾਲ ਪੂਰੀਆਂ ਕਰਨ ਲਈ ਨਰਸਾਂ ਸਹਿਕਰਮੀਆਂ ਨਾਲ ਆਦਰ ਸਹਿਤ ਸਹਿਯੋਗ ਕਰਨ

4.1 ਨਰਸਾਂ **ਸਹਿਕਰਮੀਆਂ** ਨਾਲ ਪੇਸ਼ੇਵਰ ਤਰੀਕੇ ਅਤੇ ਸਤਿਕਾਰ ਨਾਲ ਪੇਸ਼ ਆਉਂਦੀਆਂ ਹਨ ਅਤੇ ਇਹ ਗੱਲ **ਸੋਸ਼ਲ ਮੀਡੀਆ** ਉੱਤੇ ਵੀ ਨਜ਼ਰ ਆਉਂਦੀ ਹੈ।

4.2 ਨਰਸਾਂ ਸਹਿਕਰਮੀਆਂ ਨਾਲ ਸਮੇਂ-ਸਿਰ ਸਪਸ਼ਟ, ਅਸਰਦਾਰ, ਪੇਸ਼ੇਵਰ ਅਤੇ ਤਰੀਕੇ ਨਾਲ ਪੇਸ਼ ਆਉਂਦੀਆਂ ਹਨ।

4.3 ਨਰਸਾਂ ਹੋਰਨਾਂ ਸਿਹਤ ਸੇਵਾ ਮਾਹਿਰਾਂ ਨਾਲ ਰਲ਼ ਕੇ ਕਾਰਜ ਕਰਦੀਆਂ ਹਨ ਤਾਂ ਜੋ ਮਰੀਜ਼ਾਂ ਦੀ ਦੇਖ-ਰੇਖ ਸੁਧਾਰੀ ਜਾ ਸਕੇ।

4.4 ਨਰਸਾਂ ਵੱਲੋਂ ਵਿਦਿਆਰਥੀਆਂ ਸਮੇਤ ਸਿਹਤ ਦੇਖ-ਰੇਖ ਕਰਨ ਵਾਲੀ ਟੀਮ ਦੇ ਮੈਂਬਰਾਂ ਦੀ ਹਿਮਾਇਤ, ਉਸਤਾਦਗੀ ਕੀਤੀ ਜਾਂਦੀ ਅਤੇ ਉਨ੍ਹਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ।

4.5 ਕਿਸੇ ਵੀ ਕਿਸਮ ਦੀ ਬਦਸਲੂਕੀ ਸਮਤੇ ਕਿਸੇ ਵੀ ਤਰ੍ਹਾਂ ਦੇ ਅਣ-ਸੁਰੱਖਿਅਤ, ਨਾਕਾਬਲ, ਗ਼ੈਰ-ਇਖਲਾਕੀ ਜਾਂ ਗ਼ੈਰ-ਕਾਨੂੰਨੀ ਵਰਤਾਰੇ ਰੋਕਣ ਲਈ ਨਰਸਾਂ ਵੱਲੋਂ ਕਦਮ ਚੁੱਕੇ ਜਾਂਦੇ ਹਨ।




# ਮਰੀਜ਼ਾਂ ਦਾ ਵਿਸ਼ਵਾਸ ਕਾਇਮ ਰੱਖਣ ਲਈ ਨਰਸਾਂ ਇਮਾਨਦਾਰੀ ਨਾਲ ਕੰਮ ਕਰਨ

5.1 ਨਰਸਾਂ ਮਰੀਜ਼ ਦੀ **ਨਿਜੀ ਸਿਹਤ ਜਾਣਕਾਰੀ** ਦੀ ਨਿੱਜਤਾ ਅਤੇ ਭੇਤਦਾਰੀ ਦੀ ਹਿਫਾਜ਼ਤ ਕਰਦੀਆਂ ਹਨ।

5.2 ਨਰਸਾਂ ਮਰੀਜ਼ਾਂ ਦੀ ਜਾਣਕਾਰੀ ਨੂੰ ਸੋਸ਼ਲ ਮੀਡੀਆਂ ਉੱਤੇ ਨਹੀਂ ਪਾਉਂਦੀਆਂ।

5.3 ਮਰੀਜ਼ਾਂ ਨੂੰ ਨੁਕਸਾਨ ਹੋਣ ਤੋਂ ਰੋਕਣ ਅਤੇ ਬਚਾਅ ਲਈ ਨਰਸਾਂ ਫੌਰੀ ਕਾਰਵਾਈ ਕਰਦੀਆਂ ਹਨ।

5.4 ਨਰਸਾਂ ਉਦੋਂ ਤਕ ਮਰੀਜ਼ਾਂ ਤੋਂ ਤੋਹਫ਼ੇ ਮਨਜ਼ੂਰ ਨਹੀਂ ਕਰਦੀਆਂ ਜਦੋਂ ਤਕ ਇਸ ਨਾਲ ਉਨ੍ਹਾਂ ਦੇ ਮਰੀਜ਼ਾਂ ਨਾਲ ਪੇਸ਼ੇਵਰ ਸੰਬੰਧ ਨਾ ਵਿਗੜਦੇ ਹੋਣ।

5.5 ਨਰਸਾਂ ਮਰੀਜ਼ਾਂ ਦੇ ਮੁਖਤਾਰ ਜਾਂ **ਬਦਲਵੇਂ ਫੈਸਲਕਾਰਾਂ** ਦੇ ਫਰਜ਼ ਨਹੀਂ ਨਿਭਾਉਂਦੀਆਂ।

5.6 ਨਰਸਾਂ ਕਿਸੇ ਵੀ ਅਜਿਹੇ ਹਿਤਾਂ ਦੇ ਟਕਰਾਅ ਨੂੰ ਐਲਾਨਦੀਆਂ ਹਨ ਜਿਸ ਨਾਲ ਉਨ੍ਹਾਂ ਦੀ ਧਾਰਨਾ 'ਤੇ ਅਸਰ ਪਵੇ। ਇਸ ਵਿੱਚ ਕਿਸੇ ਨਰਸ ਦੇ ਨਿਜੀ, ਵਿੱਤੀ ਜਾਂ ਵਪਾਰਕ ਹਿੱਤ ਸ਼ਾਮਲ ਹਨ।

5.7 ਨਰਸਾਂ ਇਮਾਨਦਾਰੀ ਕਾਇਮ ਰੱਖਦੀਆਂ ਹਨ। ਉਹ ਆਪਣੇ ਅਹੁਦੇ ਦੀ ਵਰਤੋਂ ਨਿਜੀ ਲਾਭ ਲਈ ਉਤਪਾਦ ਦੀ ਵਿਕਰੀ ਜਾਂ ਉਸ ਦੀ ਸਿਫਤ ਕਰਨ ਲਈ ਨਹੀਂ ਕਰਦੀਆਂ।

5.8 ਨਰਸਾਂ ਮਰੀਜ਼ਾਂ ਨਾਲ ਪੇਸ਼ੇਵਰ **ਹੱਦਾਂ** ਕਾਇਮ ਰੱਖਦੀਆਂ ਹਨ।

5.9 ਮਰੀਜ਼ਾਂ ਦੀ ਦੇਖ-ਰੇਖ ਦੌਰਾਨ ਨਰਸਾਂ ਉਨ੍ਹਾਂ ਨਾਲ ਜਿਨਸੀ ਸੰਬੰਧ ਨਹੀਂ ਰੱਖਦੀਆਂ। ਇਹ ਕਾਨੂੰਨ ਨਰਸ-ਮਰੀਜ਼ ਰਿਸ਼ਤਾ ਖਤਮ ਹੋਣ ਦੇ ਇੱਕ ਸਾਲ ਬਾਅਦ ਤਕ ਲਾਗੂ ਰਹਿੰਦਾ ਹੈ।



6

ਸਿਧਾਂਤ

# ਨਰਸਾਂ ਆਪਣੇ ਕਿੱਤੇ ਵਿੱਚ ਆਮ ਜਨਤਾ ਦਾ ਭਰੋਸਾ ਕਾਇਮ ਰੱਖਣ

6.1 ਨਰਸਾਂ ਆਪਣੀਆਂ ਹਰਕਤਾਂ ਅਤੇ ਫੈਸਲਿਆਂ ਲਈ ਖੁਦ ਜ਼ਿੰਮੇਵਾਰ ਹਨ।

6.2 ਨਰਸਾਂ ਆਪਣੇ ਮਰੀਜ਼ਾਂ ਅਤੇ ਰੁਜ਼ਗਾਰਦਾਤਾਵਾਂ ਦੀ ਜਾਇਦਾਦ ਦਾ ਸਤਿਕਾਰ ਕਰਦੀਆਂ ਹਨ।

6.3 ਨਰਸਾਂ ਸਪਸ਼ਟ ਤੌਰ 'ਤੇ ਮਰੀਜ਼ਾਂ ਨੂੰ ਦੱਸਦੀਆਂ ਹਨ ਕਿ ਉਹ ਉਨ੍ਹਾਂ ਨੂੰ ਕਿਹੜੀ ਦੇਖ-ਰੇਖ ਜਾਂ ਸੇਵਾ ਪ੍ਰਦਾਨ ਕਰਨ ਦਾ ਇਰਾਦਾ ਰੱਖਦੀਆਂ ਹਨ।

6.4 ਮਰੀਜ਼ਾਂ ਦੀ ਸੁਰੱਖਿਅਤ ਦੇਖ-ਰੇਖ ਦੀ ਹਿਮਾਇਤ ਲਈ ਆਪਣੇ ਕੰਮ-ਕਾਜ ਦਾ ਮਿਆਰ ਉੱਚਾ ਚੁੱਕਣ ਦਾ ਸਮਰਥਨ ਕਰਦੀਆਂ ਹਨ।

6.5 ਨਰਸਾਂ ਦਾ ਫਰਜ਼ ਹੈ ਕਿ ਕਿਸੇ ਵੀ ਗਲਤੀ, ਵਰਤਾਰੇ, ਵਤੀਰੇ ਜਾਂ ਪ੍ਰਣਾਲੀ ਬਾਰੇ ਇਤਲਾਹ ਦੇਣ ਜਿਹੜਾ ਮਰੀਜ਼ਾਂ ਦੀ ਸੁਰੱਖਿਆ ਪ੍ਰਭਾਵਤ ਕਰੇ।

6.6 ਨਰਸਾਂ ਕਦੀ ਵੀ ਆਪਣੀ ਕਾਬਲੀਅਤ ਕਿਸੇ ਨਸ਼ੇ ਦੇ ਪ੍ਰਭਾਵ ਹੇਠ ਵਿਗੜੇ ਹੋਣ ਦੌਰਾਨ ਕੰਮ ਨਹੀਂ ਕਰਦੀਆਂ।

6.7 ਆਪਣੀ ਸਿਹਤ ਕਾਇਮ ਰੱਖਣ ਦੀ ਜ਼ਿੰਮੇਵਾਰੀ ਖੁਦ ਨਰਸਾਂ ਦੀ ਆਪਣੀ ਹੁੰਦੀ ਹੈ। ਜੇ ਉਹ ਆਪਣੀ ਸਿਹਤ ਕਾਰਣ ਆਪਣਾ ਕੰਮ-ਕਾਜ ਸੁਰੱਖਿਅਤ ਤਰੀਕੇ ਨਾਲ ਨਾ ਕਰ ਸਕਦੀਆਂ ਹੋਣ ਤਾਂ ਉਨ੍ਹਾਂ ਨੂੰ ਮਦਦ ਮੰਗਣੀ ਚਾਹੀਦੀ ਹੈ।

# ਜ਼ਾਬਤਾ ਵਤੀਰਾ ਦੀ ਸ਼ਬਦਾਵਲੀ

ਹੱਦਾਂ: ਉਹ ਮੋੜ ਜਿੱਥੇ ਪੇਸ਼ੇਵਰ ਅਤੇ ਇਲਾਜ ਕਰਨ ਦਾ ਰਿਸ਼ਤਾ ਗ਼ੈਰ-ਪੇਸ਼ੇਵਰ ਅਤੇ ਆਪਸੀ ਰਿਸ਼ਤੇ ਵਿੱਚ ਬਦਲ ਜਾਵੇ। ਨਰਸ-ਮਰੀਜ਼ ਦਾ ਇਲਾਜ ਕਰਨ ਦਾ ਰਿਸ਼ਤਾ ਮਰੀਜ਼ ਦੇ ਹੱਕਾਂ ਨੂੰ ਤਰਜੀਹ ਦਿੰਦਾ ਹੈ। ਹੱਦ ਟੱਪਣ ਦਾ ਅਰਥ ਹੈ ਕਿ ਆਪਣੇ ਨਿਜੀ ਟੀਚਿਆਂ ਤਕ ਪਹੁੰਚਣ ਲਈ ਨਰਸ ਆਪਣੇ ਅਖ਼ਤਿਆਰਾਂ ਅਤੇ ਰਿਸ਼ਤੇ ਵਿਚਲੇ ਭਰੋਸੇ ਦੀ ਦੁਰਵਰਤੋਂ ਕਰ ਰਹੀ ਹੈ, ਜਾਂ ਮਰੀਜ਼ ਨਾਲ ਇੱਕ ਗ਼ੈਰ-ਪੇਸ਼ੇਵਰਾਨਾ ਢੰਗ ਨਾਲ ਪੇਸ਼ ਆ ਰਹੀ ਹੈ। ਹੱਦ ਇਰਾਦਾਤਨ ਜਾਂ ਗ਼ੈਰ-ਇਰਾਦਾਤਨ, ਦੋਵੇਂ ਤਰ੍ਹਾਂ ਨਾਲ ਟੱਪੀ ਜਾ ਸਕਦੀ ਹੈ।

ਸਹਿਯੋਗ ਕਰਨਾ: ਆਪਸ ਵਿੱਚ ਰਲ਼ ਕੇ ਕਾਰਜ ਕਰਨਾ

ਸਹਿਕਰਮੀ: ਕਿਸੇ ਮਰੀਜ਼ ਦੀ ਦੇਖ-ਰੇਖ ਵਿੱਚ ਸ਼ਾਮਲ ਹੋਰ ਸਿਹਤ ਦੇਖ-ਰੇਖ ਪ੍ਰਦਾਨ ਕਰਨ ਵਾਲੇ ਅਤੇ ਵਿਦਿਆਰਥੀ

ਕਾਬਲੀਅਤ: ਸੁਰੱਖਿਅਤ, ਇਖਲਾਕੀ ਅਤੇ ਅਸਰਦਾਰ ਤਰੀਕੇ ਨਾਲ ਨਰਸਿੰਗ ਦੇ ਫਰਜ਼ ਅਦਾ ਕਰਨ ਲਈ ਆਪਣੇ ਲੋੜੀਂਦੇ ਗਿਆਨ, ਹੁਨਰ ਅਤੇ ਧਾਰਨਾ ਨੂੰ ਇਕਸਾਰ ਵਰਤਣਾ

ਸੱਭਿਆਚਾਰ: ਕਿਸੇ ਵਿਅਕਤੀ ਦੀ ਸੋਚ, ਫੈਸਲਿਆਂ ਅਤੇ ਹਰਕਤਾਂ 'ਤੇ ਅਸਰ ਪਾਉਣ ਵਾਲੀਆਂ ਸਿੱਖੀਆਂ ਗਈਆਂ ਕਦਰਾਂ-ਕੀਮਤਾਂ, ਯਕੀਨ, ਅਸੂਲ ਅਤੇ ਜੀਵਨ-ਜਾਚ

ਮਰੀਜ਼: ਦੇਖ-ਰੇਖ ਹਾਸਲ ਕਰਨ ਵਾਲਾ ਕੋਈ ਵਿਅਕਤੀ, ਪਰਿਵਾਰ, ਭਾਈਚਾਰਾ ਜਾਂ ਆਬਾਦੀ, ਪਰ ਇਹ "ਮੁਵੱਕਲਾਂ" ਜਾਂ "ਨਿਵਾਸੀਆਂ" ਤਕ ਸੀਮਤ ਨਹੀਂ ਹੈ

ਨਿਜੀ ਲਾਭ: ਨਰਸ ਨੂੰ ਮਿਲਣ ਵਾਲਾ ਕੋਈ ਨਫ਼ਾ ਜਾਂ ਲਾਭ, ਭਾਵੇਂ ਉਹ ਵਿੱਤੀ ਹੋਵੇ ਜਾਂ ਕਿਸੇ ਹੋਰ ਸ਼ਕਲ। ਨਿਜੀ ਲਾਭ ਪੈਸਾ (ਨਕਦ, ਗਿਫਟ ਕਾਰਡ, ਅਤੇ ਰਿਵਾਰਡਜ਼) ਵੀ ਹੋ ਸਕਦਾ ਹੈ ਜਾਂ ਨਰਸ ਨੂੰ ਕੋਈ ਹੋਰ ਨਿਜੀ ਫਾਇਦਾ ਪਹੁੰਚਾ ਸਕਦਾ ਹੈ। ਨਿਜੀ ਲਾਭ ਵਿੱਚ ਨਰਸ ਦੇ ਪਰਿਵਾਰ ਦੇ ਹਿਤ, ਜਾਂ ਨਰਸ ਵੱਲੋਂ ਹਿਮਾਇਤਸ਼ੁਦਾ ਪਰਉਪਕਾਰੀ ਕਾਰਜ ਜਾਂ ਅਦਾਰੇ ਹੋ ਸਕਦੇ ਹਨ। ਇਸ ਵਿੱਚ ਨਰਸ ਦੀ ਤਨਖਾਹ ਅਤੇ ਭੱਤੇ ਸ਼ਾਮਲ ਨਹੀਂ ਹੁੰਦੇ

ਸਿਹਤ ਦੀ ਨਿਜੀ ਜਾਣਕਾਰੀ: ਮਰੀਜ਼ ਦੀ ਜਿਸਮਾਨੀ ਜਾਂ ਮਾਨਸਿਕ ਸਿਹਤ ਬਾਰੇ ਕੋਈ ਵੀ ਜਾਣਕਾਰੀ ਜਿਸ ਤੋਂ ਪਤਾ ਲੱਗ ਸਕੇ ਕਿ ਇਹ ਕਿਸ ਵਿਅਕਤੀ ਬਾਰੇ ਹੈ, ਸਮੇਤ ਉਨ੍ਹਾਂ ਦੇ ਪਰਿਵਾਰ ਦੀ ਸਿਹਤ ਦੇ ਇਤਿਹਾਸ ਦੇ

ਮਿਆਰ ਯਕੀਨੀ ਬਣਾਉਣ ਦੇ ਪ੍ਰੋਗਰਾਮ (Quality Assurance Program): ਇੱਕ ਸੀ.ਐੱਨ.ਓ. ਪ੍ਰੋਗਰਾਮ ਜਿਸ ਵਿੱਚ ਨਰਸਾਂ ਸਵੈ-ਪੜਚੋਲ, ਕੰਮ-ਕਾਜ ਦੀ ਪੜਚੋਲ ਅਤੇ ਸਹਿਕਰਮੀਆਂ ਵੱਲੋਂ ਕੀਤੀ ਪੜਚੋਲ ਰਾਹੀਂ ਆਪਣੇ ਗਿਆਨ, ਹੁਨਰ ਅਤੇ ਨਿਰੰਤਰ ਕਾਬਲੀਅਤ ਅਤੇ ਧਾਰਨਾਵਾਂ ਦੀ ਨਿਰੰਤਰ ਲਿਆਕਤ ਅਤੇ ਮਿਆਰ ਨੂੰ ਸੁਧਾਰਨ ਪ੍ਰਤੀ ਆਪਣੇ ਪੱਕੇ ਇਰਾਦੇ ਦਾ ਮੁਜ਼ਾਹਰਾ ਕਰਦੀਆਂ ਹਨ। ਸੀ.ਐੱਨ.ਓ. ਦਾ ਮਿਆਰ ਯਕੀਨੀ ਬਣਾਉਣ ਦਾ ਪ੍ਰੋਗਰਾਮ *ਰੈਗੂਲੇਟਿਡ ਹੈਲਥ ਪ੍ਰੋਫੈਸ਼ਨਲਜ਼ ਐਕਟ (Regulated Health Professions Act)*, 1991, ਮੁਤਾਬਕ ਲਾਜ਼ਮੀ ਲਾਗੂ ਹੁੰਦਾ ਹੈ।

ਸੋਸ਼ਲ ਮੀਡੀਆ: ਆਪਸੀ ਸੰਚਾਰ ਵਾਸਤੇ, ਸਮੱਗਰੀ ਦੀ ਸਾਂਝ ਅਤੇ ਸਹਿਯੋਗ ਲਈ ਸੰਚਾਰ ਵਾਸਤੇ ਭਾਈਚਾਰੇ ’ਤੇ ਆਧਾਰਿਤ, ਆਨਲਾਈਨ ਸਾਧਨ (ਵੈੱਬਸਾਈਟਾਂ ਅਤੇ ਐਪਲੀਕੇਸ਼ਨਾਂ)। ਸੋਸ਼ਲ ਮੀਡੀਆ ਦੀਆਂ ਕਿਸਮਾਂ ਵਿੱਚ ਬਲਾਗ ਜਾਂ ਮਾਈਕ੍ਰੋਬਲਾਗ (ਨਿਜੀ, ਪੇਸ਼ੇਵਰ ਜਾਂ ਅਗਿਆਤ), ਵਿਚਾਰ-ਵਟਾਂਦਰੇ ਦੀਆਂ ਸਭਾਵਾਂ, ਮੈਸੇਜ ਬੋਰਡ, ਸੋਸ਼ਲ ਨੈੱਟਵਰਕਿੰਗ ਸਾਈਟਾਂ ਅਤੇ ਸਮੱਗਰੀ ਸਾਂਝੀ ਕਰਨ ਵਾਲ਼ੀਆਂ ਵੈੱਬਸਾਈਟਾਂ ਸ਼ਾਮਲ ਹਨ

ਕੰਮ-ਕਾਜ ਦੇ ਮਾਪਦੰਡ: ਸੀ.ਐੱਨ.ਓ. ਦੀਆਂ ਇਸ ਬਾਰੇ ਆਸਾਂ ਕਿ ਕੋਈ ਕਾਬਲ ਨਰਸ ਕਿਵੇਂ ਕਾਰਜ ਅੰਜਾਮ ਦੇਵੇ। ਕੰਮ-ਕਾਜ ਦੇ ਮਾਪਦੰਡ ਜਨਤਕ ਹਿਫਾਜ਼ਤ ਪ੍ਰਤੀ ਯੋਗਦਾਨ ਪਾਉਂਦੇ ਹਨ

ਬਦਲਵੇਂ ਫੈਸਲਕਾਰ: *ਹੈਲਥ ਕੇਅਰ ਕੰਸੈਂਟ ਐਕਟ (Health Care Consent Act)*, 1996, ਵਿੱਚ ਸ਼ਨਾਖਤ ਕੀਤਾ ਗਿਆ ਉਹ ਵਿਅਕਤੀ ਜਿਹੜਾ ਕਿਸੇ ਅਜਿਹੇ ਵਿਅਕਤੀ ਦੇ ਇਲਾਜ ਲਈ ਫੈਸਲੇ ਲਵੇ ਜੋ ਆਪਣੇ ਫੈਸਲੇ ਆਪ ਨਹੀਂ ਕਰ ਸਕਦਾ

COLLEGE OF NURSES OF ONTARIO
ORDRE DES INFIRMIÈRES ET INFIRMIERS DE L'ONTARIO
THE STANDARD OF CARE.

# ਵਤੀਰਾ ਜ਼ਾਬਤਾ

## ਅਭਿਆਸੀ ਮਾਪਦੰਡ


College of Nurses of Ontario
101 Davenport Rd.
Toronto, ON M5R 3P1

cno@cnomail.org
416 928-0900
ਕਨੇਡਾ ਵਿੱਚ ਟੋਲ-ਫ੍ਰੀ
1 800 387-5526



Jan 2019
2018-208